# 'ਹਰਿਆ ਨੀ ਮਾਏ' ਲੋਕ ਗੀਤ ਦਾ

## ਵਿਹਾਰਕ ਅਧਿਐਨ



**ਡਾ. ਹਰਿੰਦਰ ਕੌਰ ਸੋਹਲ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
✆ 7707922309

ਹੱਥਲੇ ਖੋਜ- ਪੱਤਰ ਦਾ ਮੂਲ ਮਨੋਰਥ ਲੋਕਧਾਰਾ ਦੀ ਅਹਿਮ ਵੰਨਗੀ ਲੋਕ-ਗੀਤ ਨੂੰ ਨਵੇਂ ਆਂਤਰਿਕ ਪਾਠ ਪ੍ਰਸੰਗਿਕ ਮੁਹਾਵਰੇ ਦੇ ਅੰਤਰਗਤ ਸਮਝਦਿਆਂ, ਇਸ ਦੇ ਵਿਹਾਰਕ ਅਮਲ ਤਕ ਪਹੁੰਚਣਾ ਹੈ। ਕਿਸੇ ਟੈਕਸਟ ਦੀ ਵਿਹਾਰਕ ਆਲੋਚਨਾ ਤਦ ਹੀ ਸੰਭਵ ਹੈ ਜੇਕਰ ਅਸੀਂ ਉਸ ਟੈਕਸਟ ਦੇ ਮਾਡਲ ਨੂੰ ਸਮਾਜਕ, ਧਾਰਮਿਕ ਤੇ ਸਭਿਆਚਾਰਕ ਪ੍ਰਸੰਗਿਕਤਾ ਦੇ ਪੱਖੋਂ ਸਮਝਣ ਦਾ ਯਤਨ ਕਰੀਏ। ਪੂਰਵਲੇ ਅਧਿਐਨ ਕਾਰਜਾਂ ਵਿਚ ਅਸੀਂ ਵੇਖਦੇ ਹਾਂ ਕਿ ਬਹੁਤੇ ਅਧਿਐਨ ਲੋਕ-ਸਾਹਿਤ ਰੂਪਾਂ ਦੀ ਟੈਕਸਟ ਦੇ ਸਤਹੀ ਅਰਥਾਂ ਤਕ ਸਿਮਟ ਕੇ ਟੈਕਸਟ ਦੀ ਵਿਆਖਿਆ ਤਕ ਹੀ ਸੀਮਤ ਹੋ ਕੇ ਰਹਿ ਜਾਂਦੇ ਹਨ ਜਦਕਿ ਟੈਕਸਟ ਦੇ ਗਹਿਨ ਅਧਿਐਨ ਸਮੇਂ ਸੂਖ਼ਮ ਅਧਿਐਨ ਦ੍ਰਿਸ਼ਟੀ ਦੀ ਲੋੜ ਹੁੰਦੀ ਹੈ। ਕਿਸੇ ਲੋਕ-ਗੀਤ ਨੂੰ ਜਦ ਅਸੀਂ ਵਿਹਾਰਕ ਪੈਮਾਨਿਆਂ ਤੇ ਪਰਖਦੇ ਹਾਂ ਤਾਂ ਸਭਿਆਚਾਰਕ ਇਕਾਈਆਂ ਤੇ ਮਾਨਵੀ ਸੰਵੇਦਨਾ ਦੇ ਕੋਡਾਂ ਦੇ ਅੰਤਰਗਤ ਡੀਕੋਡ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਨਤੀਜੇ ਵਜੋਂ ਇਨ੍ਹਾਂ ਲੋਕ-ਗੀਤਾਂ ਦੇ ਉਹ ਮਹੱਤਵਪੂਰਨ ਸਰੋਕਾਰ/ਪੱਖ ਸਾਹਮਣੇ ਆਉਂਦੇ ਹਨ ਜੋ ਬਹੁਤ ਵਾਰੀ ਸਤਹੀ ਅਧਿਐਨ ਕਰਦਿਆਂ ਅਦ੍ਰਿਸ਼ਟ ਜਾਂ ਅਣਛੋਹੇ ਰਹਿ ਜਾਂਦੇ ਹਨ। 'ਅੱਜ ਵਿਆਖਿਆ ਦਾ ਭਾਵ ਇਹ ਨਹੀਂ ਰਿਹਾ ਕਿ ਰਚਨਾ ਦੇ ਅਰਥਾਂ ਨੂੰ ਲੱਭਿਆ ਜਾਵੇ ਜਾਂ ਉਨ੍ਹਾਂ ਦੇ ਸੁਹਜ ਦੀ ਵਿਆਖਿਆ ਕਰ ਦਿੱਤੀ ਜਾਵੇ। ਇਹ ਪੁਰਾਣੀ ਵਿਆਖਿਆ ਵਿਧੀ ਸੀ। ਆਧੁਨਿਕ ਵਿਧੀ ਵਿਚ ਪਾਠ ਵਿਸ਼ਲੇਸ਼ਣ ਰਾਹੀਂ ਉਸ ਪਾਠ ਦੀ ਸਿਰਜਨਾ ਕੀਤੀ ਜਾਂਦੀ ਹੈ। ਰਚਨਾ-ਪਾਠ ਦੀ ਮੁਕੰਮਲ ਪਛਾਣ ਹੀ ਉਸ ਦੀ ਵਿਆਖਿਆ ਹੈ। ਵਿਆਖਿਆ ਵੀ ਇਕ ਪਾਠ ਦਾ ਦਰਜਾ ਹਾਸਲ ਕਰਦੀ ਹੈ, ਜਿਸਦਾ ਆਪਣਾ ਮੁਲਾਂਕਣ ਹੋ ਸਕਦਾ ਹੈ। ਇਸ ਲਈ ਪਾਠ-ਵਿਆਖਿਆ ਤੇ ਪਾਠ-ਵਿਸ਼ਲੇਸ਼ਣ ਦੇ ਦੌਰਾਨ ਪਾਠਕ ਦੇ ਮਨ ਵਿਚ ਜੋ ਵਾਪਰਦਾ ਹੈ ਜਾਂ ਪਾਠ ਆਪਣੇ ਸਾਰੇ ਪੱਖ ਉਸ ਅੱਗੇ ਕਿਵੇਂ ਖੋਲ੍ਹਦਾ ਹੈ ਅਤੇ ਪਾਠਕ ਪਾਠ ਨੂੰ ਕਿਵੇਂ ਜੀਵੰਤ ਬਣਾਉਂਦਾ ਹੈ ਆਦਿ ਸਾਰੇ ਪੱਖ ਇਸ ਵਿਸ਼ਲੇਸ਼ਣ ਵਿਧੀ ਦੇ ਮਹੱਤਵਪੂਰਨ ਬਿੰਦੂ ਹਨ।[1] ਟੈਕਸਟ ਭਾਵੇਂ ਮੌਖਿਕ ਹੋਵੇ ਜਾਂ ਲਿਖਤੀ ਕਿਸੇ ਸਭਿਆਚਾਰ ਦੀਆਂ ਕਦਰਾਂ-ਕੀਮਤਾਂ ਅਤੇ ਇਤਿਹਾਸਕ ਚੇਤਨਾ ਦੀ ਵਾਹਕ ਹੁੰਦੀ ਹੈ। ਇਸ ਟੈਕਸਟ ਨੂੰ ਡੀਕੋਡ ਕਰਨ ਲਈ ਬਹੁ-ਅਨੁਸ਼ਾਸਨੀ (inter disciplinary) ਪਹੁੰਚ ਦੀ ਲੋੜ ਹੁੰਦੀ ਹੈ, ਜਿਸ ਦਾ ਸਬੰਧ ਮਾਨਵ-ਵਿਗਿਆਨ, ਸਾਹਿਤਕ ਅਧਿਐਨ, ਭਾਸ਼ਾ ਵਿਗਿਆਨ, ਅਤੇ ਸੈਮੀਓਟਿਕਸ ਨਾਲ ਹੁੰਦਾ ਹੈ। ਟੈਕਸਟ ਦੇ ਵਿਹਾਰਕ ਅਧਿਐਨ ਵੇਲੇ ਟੈਕਸਟ ਦੀ ਸਰੰਚਨਾ, ਸਭਿਆਚਾਰਕ ਸੰਦਰਭ, ਕਾਵਿਕ ਬਣਤਰ ਆਦਿ ਨੂੰ ਘੋਖਿਆ ਜਾਂਦਾ ਹੈ। ਟੈਕਸਟ ਨੂੰ ਡੀਕੋਡ ਕਰਨ ਸਮੇਂ ਸਭ ਤੋਂ ਪਹਿਲਾਂ ਇਹ ਵੇਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਸ਼ਬਦ ਦੇ ਪ੍ਰਸੰਗਿਕ ਅਰਥ ਨੂੰ ਸਭਿਆਚਾਰਕ ਪਰੰਪਰਾਵਾਂ ਦੇ ਪਾਰ ਜਾ ਕੇ ਕਿਵੇਂ ਪੜ੍ਹਨਯੋਗ ਬਣਾਇਆ ਜਾ ਸਕਦਾ ਹੈ ? ਬਹੁ-ਦਿਸ਼ਾਵੀ ਰੂਪ ਵਿਚ ਤੁਰਦੀ ਇਹ ਪ੍ਰਕਿਰਿਆ ਲੋਕ-ਗੀਤ ਦੀ ਪੇਸ਼ਕਾਰੀ ਦੇ ਪ੍ਰਸੰਗਿਕ ਵਿਧਾਨ ਨੂੰ ਸਭਿਆਚਾਰਕ ਦਾਇਰਿਆਂ ਦੇ ਅੰਤਰਗਤ ਵਿਚਾਰਦੀ ਹੋਈ ਲੋਕ-ਗੀਤ ਦੀ ਟੈਕਸਟ ਨੂੰ ਡੀਕੋਡ ਕਰਨ ਦੀ ਪ੍ਰਕਿਰਿਆ ਦਾ ਅਮਲ ਹੀ ਹੈ।

ਇਸੇ ਸੰਦਰਭ ਦੇ ਅੰਤਰਗਤ ਲੋਕ- ਸਾਹਿਤ ਦੀ ਟੈਕਸਟ ਦਾ ਸੰਚਾਰ ਇਸ ਸਵਾਲ ਨਾਲ ਸਬੰਧਿਤ ਹੁੰਦਾ ਹੈ ਕਿ ਟੈਕਸਟ ਨੂੰ ਪੜ੍ਹਨ ਵਾਲੀ ਧਿਰ ਕਿਹੜੀ ਹੈ ਤੇ ਜਿਹੜੇ ਸਮੇਂ ਵਿਚ ਟੈਕਸਟ ਪੜ੍ਹੀ ਜਾ ਰਹੀ ਹੈ ਉਸ ਸਮੇਂ ਵਿਚ ਇਸਦੀ ਸਾਰਥਕਤਾ ਕੀ ਹੈ? ਟੈਕਸਟ ਦੇ ਵਿਹਾਰਕ ਅਧਿਐਨ ਸਮੇਂ ਸਭ ਤੋਂ ਮਹੱਤਵਪੂਰਨ ਸੁਆਲ ਜੋ ਧਿਆਨ ਦੀ ਮੰਗ ਕਰਦਾ ਹੈ ਉਹ ਹੈ ਕਿ ਟੈਕਸਟ ਦਾ ਸਬੰਧ ਕਿਸ ਪਰੰਪਰਾ ਨਾਲ ਹੈ? ਦੂਸਰਾ ਮਹੱਤਵਪੂਰਨ ਸਵਾਲ ਹੈ ਕਿ ਟੈਕਸਟ ਕਿਸ ਵਿਚਾਰਧਾਰਾ ਜਾਂ ਵਸਤੂ ਸਮਗਰੀ ਨੂੰ ਲੈ ਕੇ ਤੁਰਦੀ ਹੈ? ਤੀਸਰਾ ਜਦ ਟੈਕਸਟ ਪਾਠਕ ਦੇ ਸਾਹਮਣੇ ਆਉਂਦੀ ਹੈ ਤਾਂ ਪਾਠਕ ਦਾ ਟੈਕਸਟ ਪ੍ਰਤੀ ਕੀ ਪ੍ਰਤੀਕਰਮ ਹੈ? ਕਿਸ ਪ੍ਰਕਾਰ ਦੇ ਸ਼ਬਦ ਚਿੱਤਰਾਂ ਰਾਹੀਂ ਟੈਕਸਟ ਆਪਣੇ ਅਰਥ ਦਾ ਸੰਚਾਰ ਕਰਦੀ ਹੈ? ਚੌਥਾ ਇਸਦੇ ਮੰਤਵ ਜਾਂ ਮਨੋਰਥ ਨਾਲ ਸਬੰਧਿਤ ਹੈ ਕਿ ਟੈਕਸਟ ਦੇ ਰਚੇ ਜਾਣ ਪਿੱਛੇ ਕੀ ਮਨੋਰਥ ਕੰਮ ਕਰਦਾ ਹੈ? ਜਾਂ ਕਿਸ ਆਸ਼ੇ ਜਾਂ ਮਨੋਰਥ ਨੂੰ ਆਧਾਰ ਬਣਾ ਕੇ ਟੈਕਸਟ ਆਪਣਾ ਆਭਾ ਮੰਡਲ ਉਸਾਰਦੀ ਹੈ? ਪੰਜਵਾਂ ਸਵਾਲ ਲੋਕ ਗੀਤ ਦੇ ਸ਼ਾਸਤਰੀ ਨਿਰਮਾਣ ਨਾਲ ਸਬੰਧਿਤ ਹੈ। ਇਨ੍ਹਾਂ


ISSN : 2395-1273
(ਪੰਨੇ 117-123)

ਸਵਾਲਾਂ ਦੇ ਜਵਾਬ ਜਦੋਂ ਕਿਸੇ ਟੈਕਸਟ ਦੇ ਸੰਦਰਭ ਵਿਚ ਬਣਦੇ ਹਨ ਤਾਂ ਉਸਨੂੰ ਅਸੀਂ ਵਿਹਾਰਕ ਮੁਲਾਂਕਣ ਦਾ ਅਮਲ ਕਹਿ ਸਕਦੇ ਹਾਂ। ਹੱਥਲੇ ਅਧਿਐਨ ਦਾ ਆਧਾਰ 'ਹਰਿਆ ਨੀ ਮਾਏ' ਲੋਕ- ਗੀਤ ਦੀ ਟੈਕਸਟ ਨੂੰ ਬਣਾਇਆ ਗਿਆ ਹੈ। ਅਧਿਐਨ ਅਧੀਨ ਵਿਚਾਰੀ ਜਾਣ ਵਾਲੀ ਟੈਕਸਟ ਦਾ ਮੂਲ ਪਾਠ ਨਿਮਨ ਅਨੁਸਾਰ ਹੈ:-

*ਹਰਿਆ ਨੀ ਮਾਏ, ਹਰਿਆ ਨੀ ਭੈਣੇ,*
*ਹਰਿਆ ਤੇ ਭਾਗੀਂ ਭਰਿਆ।*
*ਜਿਤ ਦਿਹਾੜੇ ਮੇਰਾ, ਹਰਿਆ ਨੀ ਜੰਮਿਆ,*
*ਸੋਈਓ ਦਿਹਾੜਾ ਭਾਗੀਂ ਭਰਿਆ।*
*ਜੰਮਦੜਾ ਹਰਿਆ ਪੱਟ ਨੀ ਵਲੇਟਿਆ*
*ਕੁਛੜ ਦਿਉ ਇਨ੍ਹਾਂ ਦਾਈਆਂ*
*ਮਾਈਆਂ ਤੇ ਦਾਈਆਂ ਨਾਲੇ ਸਕੀਆਂ ਭਰਜਾਈਆਂ।*
*ਹੋਰ ਚਾਚੇ ਤੇ ਤਾਏ ਦੀਆਂ ਜਾਈਆਂ*
*ਕੀ ਕੁਛ ਏਹਨਾਂ ਦਾਈਆਂ ਤੇ ਮਾਈਆਂ?*
*ਕੀ ਕੁਛ ਸਕੀਆਂ ਭਰਜਾਈਆਂ?*
*ਪੰਜ ਰੁਪਏ ਏਹਨਾਂ ਦਾਈਆਂ ਤੇ ਮਾਈਆਂ,*
*ਸੁੱਚੇ ਤੇਵਰ ਭਰਜਾਈਆਂ।* [2]

ਉਪਰੋਕਤ ਲੋਕ-ਗੀਤ ਵਿਚ ਪਰੰਪਰਾਗਤ ਅਤੇ ਪ੍ਰਚਲਿਤ ਲੋਕ-ਵਿਸ਼ਵਾਸ, ਰੀਤੀ-ਰਿਵਾਜ ਅਤੇ ਪੀੜ੍ਹੀਆਂ ਦੇ ਤਜ਼ਰਬੇ ਦਾ ਅਨੁਭਵ ਸ਼ਾਮਿਲ ਹੈ। ਇਹ ਪੀੜ੍ਹੀਆਂ ਦਾ ਅਨੁਭਵ ਹੀ ਕਿਸੇ ਟੈਕਸਟ ਦੀ ਸਭਿਆਚਾਰਕ ਪ੍ਰਸੰਗਿਕਤਾ ਅਤੇ ਪ੍ਰਕਾਰਜ ਨੂੰ ਘੜਨ ਵਿਚ ਸਹਾਈ ਹੁੰਦਾ ਹੈ। ਲੋਕ-ਗੀਤ ਭਾਵੇਂ ਮੌਖਿਕ ਪਰੰਪਰਾ, ਹੱਥ-ਲਿਖਤ, ਜਾਂ ਛਪਾਈ ਰਾਹੀਂ ਸੁਰੱਖਿਅਤ ਕੀਤੇ ਗਏ ਹੋਣ, ਇਕ ਸਭਿਅਤਾ ਤੇ ਭਾਈਚਾਰੇ ਦੇ ਸਮਾਜਕ-ਸਭਿਆਚਾਰਕ ਪ੍ਰਸੰਗ ਨਾਲ ਜੁੜ ਕੇ ਹੀ ਡੀਕੋਡ ਕੀਤੇ ਜਾ ਸਕਦੇ ਹਨ। ਟੈਕਸਟ ਨੂੰ ਡੀਕੋਡ ਕਰਨ ਦੀ ਪ੍ਰਕਿਰਿਆ ਨੂੰ ਸਮਝਣ ਵੇਲੇ ਸਬੰਧਿਤ ਸਭਿਆਚਾਰਕ ਮੁੱਲ ਪ੍ਰਬੰਧ ਅਤੇ ਇਤਿਹਾਸਕ ਅਮਲ/ਅਨੁਭਵ ਦੀ ਸਮਝ ਹੋਣੀ ਬਹੁਤ ਜ਼ਰੂਰੀ ਹੈ।

ਜੇਕਰ ਅਧਿਐਨ ਅਧੀਨ ਲੋਕ-ਗੀਤ ਦੀ ਰੂਪ ਦੇ ਪੱਖ ਤੋਂ ਗੱਲ ਕਰੀਏ ਤਾਂ ਅਸੀਂ ਵੇਖਦੇ ਹਾਂ ਕਿ ਬਹੁਤ ਸਾਰੇ ਲੋਕਧਾਰਾ ਖੋਜੀਆਂ ਨੇ ਇਸ ਨੂੰ ਲੋਕ-ਕਾਵਿ ਰੂਪ ਘੋੜੀਆਂ ਦੇ ਅਧੀਨ ਰੱਖ ਕੇ ਪ੍ਰਚਲਿਤ ਅਤੇ ਪ੍ਰਵਾਨ ਕੀਤਾ ਹੈ। ਜਦਕਿ ਇਸ ਲੋਕ-ਗੀਤ ਦੇ ਕਾਵਿਕ ਮੁਹਾਂਦਰੇ ਦੇ ਅਨੁਰੂਪ ਅਸੀਂ ਇਸ ਨੂੰ ਸੰਸਕਾਰਕ ਲੋਕ-ਗੀਤਾਂ ਦੀ ਸ਼੍ਰੇਣੀ ਦੇ ਅਧੀਨ ਮੰਨਾਂਗੇ। ਇਸ ਲੋਕ-ਗੀਤ ਦੀ ਸੁਰ ਤੇ ਇਸ ਦਾ ਵਸਤੂ ਵਿਧਾਨ ਸੋਹਿਲਾ ਲੋਕ- ਕਾਵਿ ਰੂਪ ਨਾਲ ਵੀ ਮਿਲਦਾ-ਜੁਲਦਾ ਹੈ। 'ਸੋਹਿਲਾ' ਬੱਚੇ ਦੇ ਜਨਮ ਵੇਲੇ ਨਿਭਾਈਆਂ ਜਾਣ ਵਾਲੀਆਂ ਰੀਤਾਂ ਸਮੇਂ ਗਾਇਆ ਜਾਂਦਾ ਸੀ। ਇਸ ਰੀਤ ਦੀ ਪਰੰਪਰਾ ਕਾਫੀ ਲੰਮੀ ਚੌੜੀ ਸੀ। ਬੱਚੇ ਦੇ ਜਨਮ ਦੀ ਖੁਸ਼ੀ ਵਿਸ਼ੇਸ਼ ਕਰ ਪੁੱਤ ਦੇ ਜਨਮ ਸਮੇਂ ਇਸ ਲੋਕ ਕਾਵਿ-ਰੂਪ ਦੇ ਨਿਭਾਅ ਦੀ ਪਰੰਪਰਾ ਦੇ ਠੋਸ ਪ੍ਰਮਾਣ ਸਾਨੂੰ ਮਿਲਦੇ ਹਨ। ਜੇਕਰ ਇਸ ਲੋਕ-ਗੀਤ ਰੂਪ ਦੀ ਪ੍ਰਕਿਰਤੀ ਨੂੰ ਨਿਹਾਰੀਏ ਤਾਂ ਅਨਿੱਖੜਵੀਂ ਹੋਂਦ ਦਾ ਲਖਾਇਕ ਹੋਣ ਕਾਰਨ ਇਸ ਵਿਚ ਸਮੂਹਿਕਤਾ ਦਾ ਹੁੰਗਾਰਾ ਪ੍ਰਤੱਖ ਵੇਖਿਆ ਜਾ ਸਕਦਾ ਹੈ। ਕਿਸੇ ਵੀ ਸਮਾਜ-ਸਭਿਆਚਾਰ ਦੀ ਨੁਹਾਰ ਨੂੰ ਅਜਿਹੇ ਲੋਕ-ਗੀਤਾਂ ਦੇ ਅਮਲ ਵਿਚੋਂ ਸਹਿਜ ਸੁਭਾਅ ਪਛਾਣਿਆ ਜਾ ਸਕਦਾ ਹੈ। ਸਮੂਹ ਦਾ ਹੁੰਗਾਰਾ ਭਰਦਿਆਂ ਇਸ ਦੀ ਸਿਰਜਣਾ ਵਿਚ ਸਮੂਹ ਦਾ ਅਮਲ ਸ਼ਾਮਿਲ ਹੁੰਦਾ ਹੈ। ਜਿਵੇਂ ਚਾਚੀਆਂ, ਤਾਈਆਂ, ਮਾਮੀਆਂ, ਮਾਸੀਆਂ, ਭਰਜਾਈਆਂ। ਜਦੋਂ ਲੋਕ-ਗੀਤ ਮੌਖਿਕਤਾ ਦਾ ਧਾਰਨੀ ਬਣਦਾ ਹੈ ਤਾਂ ਇਸ ਮੌਖਿਕਤਾ ਦੇ ਸੰਚਾਰ ਵੇਲੇ ਵੀ ਸਮੂਹਿਕਤਾ ਹੀ ਹੁੰਗਾਰਾ ਭਰਦੀ ਹੈ ਤੇ ਇਸ ਤੋਂ ਇਲਾਵਾ ਇਸਦੀ ਪ੍ਰਵਾਨਗੀ ਸਮੇਂ ਵੀ ਸਮੂਹ ਦੀ ਪ੍ਰਵਾਨਗੀ ਜ਼ਰੂਰੀ ਹੁੰਦੀ ਹੈ। ਸੋ ਸਮੂਹ ਦੀ ਪਹਿਚਾਣ ਤੇ ਸਮੂਹ ਦੀ ਸਵੀਕ੍ਰਿਤੀ ਲੈ ਕੇ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਨ ਵਾਲੀ ਸਭਿਆਚਾਰਕ ਪਰੰਪਰਾਗਤ ਵਿਰਾਸਤ ਨੂੰ ਲੋਕ-ਗੀਤ (ਲੋਕ-ਸਾਹਿਤ) ਅਧੀਨ ਵਿਚਾਰਿਆ ਜਾਂਦਾ ਹੈ। "ਵਾਸਤਵ ਵਿਚ ਲੋਕ-ਸਾਹਿਤ ਸਮੂਹਿਕ ਕਲਾਤਮਕ ਭਾਸ਼ਾਈ ਪ੍ਰਗਟਾਅ ਦਾ ਅਜਿਹਾ ਮਾਧਿਅਮ ਹੈ, ਜਿਸ ਰਾਹੀਂ ਲੋਕ ਆਪਣੇ ਭੂਗੋਲਿਕ ਅਤੇ ਪ੍ਰਕਿਰਤਿਕ ਚੌਗਿਰਦੇ ਦੇ ਅਨੁਕੂਲ ਇਤਿਹਾਸਕ ਸਾਰ ਵਿਚੋਂ ਪ੍ਰਾਪਤ ਅਨੁਭਵ ਅਤੇ ਅਮਲ ਨੂੰ ਲੋੜਾਂ, ਅਕਾਂਖਿਆਵਾਂ ਅਤੇ ਹੁੰਗਾਰਿਆਂ ਦੇ ਰੂਪ ਵਿਚ ਮੌਖਿਕ ਸਿਰਜਨਾਤਮਕ ਢੰਗ ਰਾਹੀਂ ਪ੍ਰਸਾਰਿਤ ਕਰਦੇ ਹਨ।"[3]

ਅਧਿਐਨ ਅਧੀਨ ਲੋਕ-ਗੀਤ ਵਿਚ ਸਮੂਹਿਕ ਅਤੇ ਵਿਅਕਤੀਗਤ ਸਮਾਜ ਸਭਿਆਚਾਰ ਦੇ ਸਿਧਾਂਤਕ ਧਰਾਤਲਾਂ ਭਾਵ ਰਾਜਨੀਤਕ, ਆਰਥਿਕ, ਇਤਿਹਾਸ ਦਾ ਪ੍ਰਦਰਸ਼ਨ ਵਿਭਿੰਨ ਭਾਸ਼ਾਈ ਜੁਗਤਾਂ ਦੇ ਜ਼ਰੀਏ


**www.sanvad.org**
ISSN : 2395-1273

ਕੀਤਾ ਗਿਆ ਹੈ। 'ਲੋਕ- ਗੀਤ ਜਾਦੂ-ਯੁਗ ਵਿਚ ਜਾਦੂਧਾਰਾ ਅਥਵਾ ਲੋਕਧਾਰਾ ਦੇ ਰੂਪ ਵਿਚ ਕਬੀਲੇ ਦੀਆਂ ਆਰਥਕ, ਸਮਾਜਕ ਤੇ ਮਾਨਸਕ ਲੋੜਾਂ ਵਜੋਂ ਪੈਦਾ ਹੋਇਆ। ਇਹ ਸਿਰਜਨਾਤਮਕ ਕੰਮ ਦੇ ਅਨਿਖੜ ਅੰਗ ਵਜੋਂ ਸਮੂਹਕ ਸਮਾਜਕ ਭਾਵਨਾਵਾਂ ਤੇ ਅਨੁਭਵਾਂ ਦੇ ਪ੍ਰਗਟਾ ਵਜੋਂ ਹੋਂਦ ਵਿਚ ਆਇਆ। ਇਹ ਆਪਣੇ ਸੁਭਾਅ ਵਿਚ ਪ੍ਰਕਾਰਜਾਤਮਕ ਤੇ ਸਮੂਹ-ਭਾਵੀ ਹੈ। ਇਸ ਦੇ ਸੁਹਜ-ਮੁੱਲ ਦਾ ਨਿਰਣਾ ਨਾ ਤਾਂ ਵਾਧੂ ਮੁਨਾਫ਼ੇ ਦੇ ਮੁੱਲ ਵਜੋਂ ਅਰਥਾਤ ਬੁਰਜ਼ੁਆ ਕਲਾ-ਚਿੰਤਕਾਂ ਦੀ ਵਪਾਰਕ ਦ੍ਰਿਸ਼ਟੀ ਤੋਂ ਹੋ ਸਕਦਾ ਹੈ ਤੇ ਨਾ ਹੀ ਸੁਹਜ ਦੀ ਉਸ ਬੁਰਜ਼ੁਆ ਸੰਕਲਪਨਾ ਨਾਲ ਸੰਭਵ ਹੈ ਜੋ ਉਪਯੋਗਹੀਣਤਾ ਅਰਥਾਤ ਨਿਰੋਲ 'ਰੂਪ' ਦੇ ਪੱਖ ਨੂੰ ਵਸਤੂ ਤੋਂ ਵਿਛੁੰਨ ਕੇ ਵੇਖਦੀ ਹੈ। ਲੋਕ-ਗੀਤ ਦੇ ਸੁਹਜ ਦਾ ਨਿਰਣਾ ਸਿਰਜਨਾਤਮਕ ਕੰਮ ਵਾਂਗ ਸਮਾਜਕ ਉਪਯੋਗਤਾ ਦੀ ਦ੍ਰਿਸ਼ਟੀ ਤੋਂ ਹੀ ਹੋਵੇਗਾ, ਭਾਵੇਂ ਨਿਰੋਲ ਸਮਾਜਕ ਮੁੱਲ ਹੀ ਕਾਵਿ-ਕਲਾ ਦਾ ਨਿਰਣਾ ਨਹੀਂ ਕਰ ਸਕਦੇ ਇਹ ਕਾਵਿ-ਕਿਰਤ ਵਜੋਂ ਇਸਦੇ ਸੁਹਜ-ਸੰਜਮ ਦੇ ਆਪਣੇ ਨੇਮਾਂ ਨੂੰ ਵੀ ਘੋਖਣਾ ਪਏਗਾ ਤੇ ਇਸ ਦੇ ਸਮਾਜਕ ਮੁੱਲ ਵਜੋਂ ਉਪਜੇ ਰੂਪ ਨੂੰ ਵੀ।[4]

'ਹਰਿਆ ਨੀ' ਲੋਕ-ਗੀਤ ਨੂੰ ਸੰਸਾਰਕ ਲੋਕ-ਗੀਤਾਂ ਦੀ ਵੰਨਗੀ ਵਿਚ ਰੱਖ ਕੇ ਵਿਚਾਰਿਆ ਜਾਂਦਾ ਹੈ। ਸੰਸਕਾਰਕ (Rituals) ਲੋਕ-ਗੀਤ ਜਨਮ, ਵਿਆਹ ਅਤੇ ਹੋਰ ਮੰਗਲ ਕਾਰਜਾਂ ਨਾਲ ਸੰਬੰਧਤ ਹੁੰਦੇ ਹਨ। ਪੰਜਾਬ ਦੇ ਸਮਾਜਕ ਤੇ ਸਾਂਸਕ੍ਰਿਤਕ ਲੋਕ-ਜੀਵਨ ਦੀਆਂ ਲੋਕ ਰੂੜ੍ਹੀਆਂ ਨੂੰ ਇਸ ਵਿਚ ਨਿਹਾਰਿਆ ਜਾ ਸਕਦਾ ਹੈ। "ਇਨ੍ਹਾਂ ਗੀਤਾਂ ਵਿਚ ਪਰਿਵਰਤਨ ਬਹੁਤ ਘੱਟ ਹੋਏ ਹਨ ਤੇ ਰੂਪ ਵੀ ਸਥਿਰ ਰਹੇ ਹਨ, ਜਿਸ ਕਰਕੇ ਪੰਜਾਬੀ ਦੀ ਸਭ ਤੋਂ ਪ੍ਰਾਚੀਨ ਲੋਕ-ਕਾਵਿ ਇਨ੍ਹਾਂ ਵਿਚ ਹੀ ਪਛਾਣੀ ਜਾ ਸਕਦੀ ਹੈ। ਇਸ ਕਾਵਿ ਦੀ ਗੌਰਵਤਾ ਦਾ ਅਨੁਮਾਨ ਇਸ ਗੱਲੋਂ ਵੀ ਲਗਾਇਆ ਜਾ ਸਕਦਾ ਹੈ ਕਿ ਪੰਜਾਬੀ ਦੀ ਮੱਧਕਾਲੀ ਸਾਹਿਤਕ ਕਾਵਿ-ਪਰੰਪਰਾ ਵਿਚ ਜਿਨ੍ਹਾਂ ਕਾਵਿ ਰੂਪਾਂ ਨੂੰ ਪ੍ਰਧਾਨਤਾ ਪ੍ਰਾਪਤ ਰਹੀ, ਉਹਨਾਂ ਵਿਚੋਂ ਅੱਧਿਉਂ ਬਹੁਤੇ ਸੰਸਕਾਰਕ ਲੋਕ-ਕਾਵਿ ਵਿਚੋਂ ਹੀ ਆਏ। ਆਦਿ ਗ੍ਰੰਥ ਵਿਚ ਉਪਲੱਬਧ ਵਾਰ, ਛੰਤ, ਲਾਵਾਂ, ਘੋੜੀਆਂ ਅਲ੍ਹਾਣੀਆਂ, ਮੰਗਲ, ਸੋਹਿਲੇ ਮੁੰਦਾਵਣੀ ਆਦਿ ਕਾਵਿ- ਰੂਪ ਇਸੇ ਪਰੰਪਰਾ ਪ੍ਰਤੀ ਰਿਣੀ ਹਨ।"[5] ਪਹਿਲੀ ਗੱਲ ਤਾਂ ਇਸ ਲੋਕ-ਗੀਤ ਬਾਰੇ ਜੋ ਸਾਹਮਣੇ ਆਉਂਦੀ ਹੈ ਉਹ ਇਸ ਦੀ ਟੈਕਸਟ ਦੀ ਸੰਰਚਨਾ ਨਾਲ ਜੁੜੀ ਹੈ। ਸੰਸਕਾਰਕ ਲੋਕ-ਗੀਤ ਦੀ ਸ਼੍ਰੇਣੀ ਵਿਚ ਆਉਣ ਕਰਕੇ ਇਸ ਵਿਚ ਬਦਲਾਅ ਦੀ ਸੰਭਾਵਨਾ ਘੱਟ ਰਹਿੰਦੀ ਹੈ। ਇਸ ਲੋਕ-ਗੀਤ ਦੀ ਸ਼ਬਦੀ ਸਰੰਚਨਾ ਤੇ ਸਭਿਆਚਾਰਕ ਪ੍ਰਸੰਗਿਕਤਾ ਦੇ ਪੱਖ ਤੋਂ ਗੱਲ ਕਰੀਏ ਤਾਂ 'ਹਰਿਆ' ਲੋਕ-ਕਾਵਿ ਪੰਜਾਬੀ ਲੋਕ ਮਾਨਸਿਕਤਾ ਦਾ ਅਜਿਹਾ ਦਸਤਾਵੇਜ਼ ਹੈ, ਜਿਸ ਵਿਚ ਚਾਅ ਤੇ ਉਮਾਹ ਦੀ ਝਲਕ ਨਜ਼ਰੀ ਪੈਂਦੀ ਹੈ। 'ਹਰਿਆ ਦੇ ਲੋਕ-ਗੀਤ ਬੱਚੇ ਦੇ ਜਨਮ ਦੀ ਖੁਸ਼ੀ ਵਿਚ ਗਾਏ ਜਾਂਦੇ ਸਨ। ਹਰਿਆ ਸ਼ਬਦ ਦੇ ਕਈ ਅਰਥ ਹਨ:- ਸਮੇਂ ਦੇ ਫੇਰ ਬਦਲ ਨਾਲ ਇਸ ਸ਼ਬਦ ਦੇ ਅਰਥਾਂ ਵਿਚ ਵੀ ਪਰਿਵਰਤਨ ਹੁੰਦਾ ਆਇਆ ਹੈ। ਹਰਿਆ ਤੋਂ ਹਰਾ, ਹਰਿਆਲੀ-ਯੁਕਤ, ਹਲ ਵਾਹੁਣ ਵਾਲਾ, ਉਪਾਸ਼ਕ, ਭਗਤ ਆਦਿ ਅਰਥ ਕੱਢੇ ਜਾਂਦੇ ਰਹੇ ਹਨ। ਹਰੇ ਜਾਂ ਹਰਿਆ ਸ਼ਬਦ ਦੇ ਅਰਥਾਂ ਦਾ ਸਬੰਧ ਮੌਲਣ, ਵਿਗਸਣ, ਵਿਕਾਸ, ਕਰਨ, ਵੱਧਣ-ਫੁੱਲਣ ਆਦਿ ਨਾਲ ਵੀ ਜੁੜਦਾ ਹੈ। ਬੱਚੇ ਦੇ ਜਨਮ ਨਾਲ ਘਰ ਵਿਚ ਹਰਿ (ਭਗਵਾਨ) ਦਾ ਪ੍ਰਵੇਸ਼ ਹੋਣ ਬਾਰੇ ਲੋਕ ਵਿਸ਼ਵਾਸ ਪਾਇਆ ਜਾਂਦਾ ਹੈ। ਸੋ ਘਰ ਵਿਚ ਹਰਿ ਦੀ ਸ਼ੁਭ ਆਮਦ ਦੇ ਮੌਕੇ 'ਤੇ ਗਾਏ ਜਾਣ ਵਾਲੇ ਗੀਤਾਂ ਨੂੰ 'ਹਰਿਆ' ਕਿਹਾ ਜਾਣ ਲੱਗ ਪਿਆ। ਬਾਲ-ਮੁੰਡੇ ਦੇ ਜਨਮ ਸਮੇਂ 'ਹਰਿਆ' ਲੋਕ ਗੀਤ ਗਾਇਆ ਜਾਂਦਾ ਸੀ। ਹੌਲੀ-ਹੌਲੀ ਕਈ ਥਾਈਂ ਨਵੇਂ ਜਨਮੇ ਬੱਚੇ ਨੂੰ 'ਹਰਿਆ' ਕਿਹਾ ਜਾਣ ਲੱਗ ਪਿਆ ਤੇ ਅਜਿਹਾ ਕਹਿਣ ਵਿਚ ਮਾਣ ਵੀ ਮਹਿਸੂਸ ਕੀਤਾ ਜਾਂਦਾ ਸੀ ਤੇ ਖੁਸ਼ੀ ਵੀ। ਬੱਚੇ ਦੇ ਜਨਮ ਨਾਲ ਸਬੰਧਿਤ ਗਾਏ ਜਾਣ ਵਾਲੇ ਗੀਤਾਂ ਨੂੰ ਹੀ ਲੋਕ 'ਹਰਿਆ' ਕਹਿਣ ਲੱਗ ਪਏ। ਅਧਿਐਨ ਅਧੀਨ 'ਹਰਿਆ ਨੀਂ ਮਾਏ' ਲੋਕ-ਗੀਤ ਦੀ ਟੈਕਸਟ ਦਾ ਮੂਲ ਮਸਲਾ, ਸੰਦਰਭ ਤੇ ਪ੍ਰਸੰਗ ਪੁੱਤਰ ਦੇ ਜਨਮ ਦੀ ਖੁਸ਼ੀ ਤੇ ਆਨੰਦ ਨਾਲ ਹੈ। ਇਹ ਪੁੱਤਰ ਦੇ ਜਨਮ ਦੇ ਸਮੇਂ ਨਾਲ ਸਬੰਧਿਤ ਵਧਾਈ ਵਜੋਂ ਉਚਾਰਿਆ ਜਾ ਗਾਇਆ ਜਾਣ ਵਾਲਾ ਲੋਕ-ਗੀਤ ਹੈ, ਜਿਸ ਦੀ ਰਮਜ਼ ਪਰੰਪਰਾ ਦੀ ਕੁੱਖ ਵਿਚ ਪਈ ਹੈ। ਔਰਤ ਦੀਆਂ ਆਪਣੀ ਔਲਾਦ ਪ੍ਰਤੀ ਵਿਸ਼ੇਸ਼ ਕਰ ਪੁੱਤਰ ਦੀ ਪ੍ਰਾਪਤੀ ਪ੍ਰਤੀ ਸਮੂਹਿਕ ਵੇਦਨਾਵਾਂ, ਇੱਛਾਵਾਂ ਦੀ ਪੂਰਤੀ ਦਾ ਇਹ ਪ੍ਰਗੀਤਕ ਪ੍ਰਗਟਾਵਾ ਹੈ। ਪੁੱਤਰ ਦੀ ਪ੍ਰਾਪਤੀ ਪਿੱਛੇ ਸਮਾਜਕ ਸਟੇਟਸ ਦਾ ਮਸਲਾ ਵੀ ਅਹਿਮ ਬਣਿਆ ਰਹਿੰਦਾ ਹੈ। ਵਿਹਾਰਕ ਚਰਿੱਤਰ ਵਾਲੀ ਸੰਬੋਧਨੀ ਸੁਰ ਵਿਚ ਇਹ ਲੋਕ-ਗੀਤ ਅੱਗੇ ਤੁਰਦਾ ਹੈ। ਸੰਬੋਧਨੀ ਸ਼ੈਲੀ ਲੋਕ-ਗੀਤਾਂ ਦੇ ਪ੍ਰਵਾਹ ਨੂੰ ਅੱਗੇ ਤੋਰਨ ਵਾਲੀ ਇਕ ਅਹਿਮ ਜੁਗਤ ਹੈ। 'ਹਰਿਆ ਨੀ ਮਾਏ, ਹਰਿਆ ਨੀ ਭੈਣੇ' ਇਸ ਲੋਕ-ਗੀਤ ਦੇ ਪ੍ਰਗਟਾ ਦਾ ਆਧਾਰ ਬਣਦੀ ਹੈ। ਇਹ ਲੋਕ-ਗੀਤ ਸੰਬੋਧਨੀ ਸ਼ੈਲੀ ਵਿਚ ਸਹਿਜਤਾ ਨੂੰ ਗ੍ਰਹਿਣ ਕਰਦੇ ਹੋਏ ਕਈ ਵਾਰ ਪ੍ਰਤੱਖ ਤੇ ਕਈ ਵਾਰ ਅਪ੍ਰਤੱਖ ਰੂਪ ਵਿਚ ਸੰਬੋਧਨਮਈ ਜੁਗਤ ਦੇ ਅਧੀਨ ਆਪਣਾ ਸਰੂਪ ਅਖ਼ਤਿਆਰ ਕਰਦਾ ਹੈ। 'ਹਰਿਆ' ਸ਼ਬਦ ਦੀ

ਵਰਤੋਂ ਇੱਥੇ ਪੁੱਤਰ ਲਈ ਕੀਤੀ ਗਈ ਹੈ। 'ਹਰਿਆ' ਦੇ ਜੰਮਣ ਦੀ ਖੁਸ਼ੀ ਵਿਚ ਸੰਬੋਧਨਮਈ ਜੁਗਤ ਦੇ ਤਹਿਤ ਇਕਵਚਨੀ ਰੂਪ ਵਿਚ ਸੰਬੋਧਨ ਸਮੇਂ ਅਸੀਂ ਵੇਖਦੇ ਹਾਂ ਕਿ ਇੱਥੇ ਮਾਂ ਤੇ ਭੈਣ ਦਾ ਸੰਬੋਧਨ ਸਿਰਫ਼ ਹਰਿਆ ਦੀ ਮਾਂ ਤੇ ਭੈਣ ਨਾਲ ਨਾ ਹੋ ਕੇ ਸਗੋਂ ਇਹ ਸ਼ਬਦ ਸਮੂਹ ਔਰਤ ਜਾਤ ਦੇ ਸੰਬੋਧਨ ਲਈ ਵਰਤਿਆ ਗਿਆ ਹੈ। ਸਾਂਝੇ ਵਿਹਾਰਕ ਚਰਿਤਰ ਵਾਲੀ ਸੰਬੋਧਨੀ ਸੁਰ ਦੀ ਪ੍ਰਸਤੁਤੀ ਰਾਹੀਂ ਇਸ ਵਿਚ ਹਰ ਉਹ ਔਰਤ ਦੀ ਧਿਰ ਸ਼ਾਮਲ ਹੈ, ਜਿਹੜੀ ਇਸ ਖੁਸ਼ੀ ਦੀ ਸ਼ਰੀਕ ਬਣਦੀ ਹੈ। ਇਸ ਲੋਕ-ਗੀਤ ਵਿਚ ਸੰਬੋਧਕ ਤੇ ਸੰਬੋਧਿਤ ਧਿਰ ਇਕ ਸਾਰ ਹੀ ਵਿਚਰਦੇ ਹਨ। ਲੋਕ-ਗੀਤ ਦਾ ਪਹਿਲਾ ਬੰਦ ਬਾਕੀ ਸਾਰੇ ਨਾਲੋਂ ਵੱਖਰੀ ਸੰਰਚਨਾ ਧਾਰਨ ਕਰੀ ਬੈਠਾ ਹੈ। ਪਹਿਲਾ ਬੰਦ ਹਰਿਆ ਦੇ ਜੰਮਣ ਦੀ ਖੁਸ਼ੀ ਨਾਲ ਜੁੜੇ ਵੱਡੇ ਭਾਗਾਂ ਵਾਲੇ ਦਿਨ/ਘੜੀ ਨਾਲ ਸਬੰਧਿਤ ਹੈ। ਦੂਜੇ ਬੰਦ ਵਿਚ ਰਸਮਾਂ ਰੀਤਾਂ ਦਾ ਜ਼ਿਕਰ ਕਰਦਿਆਂ ਨਿਕਟਵਰਤੀ ਤੇ ਸਮਾਜਕ ਰਿਸ਼ਤਿਆਂ ਦੀ ਸਭਿਆਚਾਰਕ ਪ੍ਰਸੰਗਿਕਤਾ ਦੀ ਵਿਆਕਰਨ ਦਾ ਜ਼ਿਕਰ ਮਿਲਦਾ ਹੈ। ਤੀਸਰਾ ਬੰਦ ਪ੍ਰਸ਼ਨੋਤਰੀ ਮੁਦਰਾ ਵਿਚ ਹੈ, ਜਿਸ ਵਿਚ ਹਰਿਆ ਦੇ ਜੰਮਣ ਤੇ ਖੁਸ਼ੀ ਤੇ ਚਾਅ ਨੂੰ ਵੰਡਣ ਲਈ ਦਾਈਆਂ, ਮਾਈਆਂ, ਭੈਣਾਂ, ਭਰਜਾਈਆਂ ਲਈ ਅਲੱਗ-ਅਲੱਗ ਤਰ੍ਹਾਂ ਦੀ ਰਕਮ ਜਾਂ ਵਸਤਾਂ ਦਾ ਜ਼ਿਕਰ ਕੀਤਾ ਹੈ ਜੋ ਰਿਸ਼ਤੇ ਦੀ ਸਮਾਜਕ ਪਰਿਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਸ਼ਗਨ ਵਜੋਂ ਦਿੱਤੇ ਜਾਣੇ ਹਨ।

ਮਰਦ ਪ੍ਰਧਾਨ ਸਾਮੰਤੀ ਸਮਾਜ ਵਿਚ ਪੁੱਤ ਦੇ ਜੰਮਣ ਦੀ ਖੁਸ਼ੀ ਦਾ ਇਜ਼ਹਾਰ ਪੀੜ੍ਹੀਆਂ ਨੂੰ ਚਲਾਉਣ ਵਾਲੀ ਕੁਲ੍ਹ ਨਾਲ ਜੋੜਿਆ ਜਾਂਦਾ ਹੈ। ਸਾਮੰਤੀ ਪ੍ਰਬੰਧ ਦੇ ਪ੍ਰਭਾਵ ਅਧੀਨ ਪੰਜਾਬੀ ਸਭਿਆਚਾਰ ਵਿਚ ਪੁੱਤ ਦਾ ਗੌਰਵ ਬਹੁਤ ਉੱਚਾ ਸੀ। ਸਮਾਜਕ ਬਣਤਰ ਵਿਚ ਅੱਜ ਵੀ ਪੁੱਤ ਦਾ ਜਨਮ ਆਰਥਕ ਮਜ਼ਬੂਤੀ ਦਾ ਲਖਾਇਕ ਬਣਦਾ ਹੈ। ਸਮਾਜਕ ਸੁਰੱਖਿਆ ਦੇ ਨਾਲ-ਨਾਲ ਪੁੱਤ ਦੀ ਹੋਂਦ ਸਦਕਾ ਪੀੜ੍ਹੀਆਂ ਦੇ ਮੌਲਣ, ਵਿਗਸਣ ਤੇ ਅਗਾਂਹ ਤੁਰਨ ਦਾ ਕਾਰਜ ਚੱਲਦਾ ਹੈ। ਉਸ ਦਿਨ ਨੂੰ ਵੱਡੇ ਭਾਗਾਂ ਵਾਲਾ ਮੰਨਿਆ ਜਾਂਦਾ ਹੈ ਜਦ ਪੁੱਤ ਦੇ ਰੂਪ ਵਿਚ ਨਵਜਾਤ ਦਾ ਜਨਮ ਹੁੰਦਾ ਹੈ। ਸਮਾਜਕ, ਪਰਿਵਾਰਕ ਤੇ ਰਾਜਨੀਤਕ ਅਧਿਕਾਰਾਂ ਤੇ ਮਰਦ ਦਾ ਦਬਦਬਾ ਹੋਣ ਕਾਰਨ ਉਸ ਦੀ ਹੋਂਦ ਨੂੰ ਔਰਤ ਦੇ ਮੁਕਾਬਲੇ ਜ਼ਿਆਦਾ ਪ੍ਰਭਾਵੀ ਤੇ ਬਾਹੂਬਲੀ ਮੰਨਿਆ ਜਾਂਦਾ ਹੈ। ਹਰਿਆ ਦੇ ਜੰਮਣ ਵਾਲਾ ਦਿਨ ਇਸ ਲਈ ਭਾਗੀਂ ਭਰਿਆ ਹੈ ਕਿਉਂਕਿ ਇਹ ਪਿਤਰਕੀ ਸੋਚ ਤੇ ਮੋਹਰ ਲਗਾਉਂਦਾ ਹੈ। ਇਹ ਲੋਕ-ਗੀਤ ਭਾਵੇਂ ਨਾਰੀ ਮਨ ਦੁਆਰਾ ਸਿਰਜਿਆ ਜਾਂਦਾ ਹੈ ਪਰ ਇਹ ਨਾਰੀ ਵਿਰੋਧੀ ਪ੍ਰਵਚਨ ਦੀ ਸਿਰਜਣਾ ਕਰਦਾ ਹੈ। ਪਿਤਰੀ ਪ੍ਰਬੰਧ ਵਿਚ ਬੱਝੀ ਹੋਈ ਨਾਰੀ ਦੀ ਮਾਨਸਿਕਤਾ ਧੀ ਨਾਲੋਂ ਪੁੱਤ ਦੇ ਪੈਦਾ ਹੋਣ ਦੀ ਖੁਸ਼ੀ ਨੂੰ ਵਧੇਰੇ ਮਾਣਦੀ ਹੈ ਕਾਰਨ ਉਹ ਪੁੱਤ ਨੂੰ ਆਪਣੀ ਸਮਾਜਕ ਤੇ ਪਰਿਵਾਰਕ ਪ੍ਰਵਾਨਗੀ ਦਾ ਆਧਾਰ ਮੰਨਦੀ ਹੈ। ਉਸ ਨੂੰ ਸੂਝ ਹੈ ਕਿ ਪਿਤਰੀ ਪ੍ਰਬੰਧ ਨੇ ਨਾਰੀ ਨੂੰ ਕਦੇ ਵੀ ਧੀ ਦੇ ਪੈਦਾ ਹੋਣ ਤੇ ਉਹ ਮਾਣ ਨਹੀਂ ਦਿੱਤਾ ਜੋ ਪੁੱਤ ਦੇ ਪੈਦਾ ਹੋਣ ਤੇ ਮਿਲਿਆ ਹੈ। 'ਪਿੱਤਰੀ ਸਮਾਜ ਵਿਚ ਔਰਤ ਮਰਦ ਦਾ ਦਰਜਾ ਸਮਾਨ ਨਹੀਂ ਹੁੰਦਾ ਬਾਬਲ ਦੇ ਮਹਿਲਾਂ ਵਿਚ ਸੋਨੇ ਦੀ ਚਿੜੀ ਨੇ ਜਾਇਦਾਦ ਤੋਂ ਸਖਣੀ ਹੋ ਕੇ ਮਿੱਟੀ ਬਣ ਜਾਣਾ ਹੁੰਦਾ ਸੀ। ਇਸ ਲਈ ਧੀ ਦੇ ਪੱਖ ਵਾਲੀ ਧਿਰ ਸਭਿਆਚਾਰਕ ਵਟਾਂਦਰੇ ਦੀ ਪੱਧਰ ਉੱਤੇ ਹੀਣੀ ਹੋਣ ਕਾਰਨ ਪੁੱਤ ਵਾਲਿਆਂ ਨਾਲੋਂ ਨੀਵੀਂ ਗਿਣੀ ਜਾਂਦੀ ਹੈ।'[7]

ਜੇਕਰ ਲੋਕ-ਗੀਤ ਦੇ ਸਿਰਜਕ ਦੀ ਗੱਲ ਕੀਤੀ ਜਾਵੇ ਤਾਂ ਲੋਕ-ਗੀਤਾਂ ਦੀਆਂ ਸਿਰਜਕ ਵਧੇਰੇ ਕਰਕੇ ਔਰਤਾਂ ਹੁੰਦੀਆਂ ਹਨ। ਅਨੁਭਵ ਦੀ ਪੱਧਰ ਤੇ ਔਰਤ ਦੀਆਂ ਸਹਿਜ ਭਾਵੀ ਬਿਰਤੀਆਂ, ਲੋਚਾਂ ਤੇ ਕਾਮਨਾਵਾਂ ਦਾ ਜ਼ਿਕਰ ਲੋਕ-ਕਾਵਿ ਵਿਚ ਪ੍ਰਬਲ ਤੇ ਪ੍ਰਭਾਵੀ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਸ ਸਿਰਜਣਾ ਪਿੱਛੇ ਵੀ ਔਰਤ ਦੀ ਹੋਂਦ ਦਾ ਮਸਲਾ ਅਚੇਤਨ ਦੀ ਪੱਧਰ ਤੇ ਕਾਰਜ ਕਰਦਾ ਹੈ। ਸਿਰਜਕ ਔਰਤਾਂ ਹਰੇਕ ਵਰਗ, ਉਮਰ ਤੇ ਜ਼ਾਤ ਨਾਲ ਸਬੰਧਿਤ ਹੁੰਦੀਆਂ ਹਨ। 'ਸਮਾਜ ਸ਼ਾਸਤਰੀਆਂ ਦਾ ਵਿਸ਼ਵਾਸ ਹੈ ਕਿ ਲੋਕ-ਕਾਵਿ ਦਾ ਵੱਡਾ ਹਿੱਸਾ ਇਸਤਰੀਆਂ ਦੀ ਸਿਰਜਣਾ ਹੈ। ਇਸਤਰੀ ਆਪਣੀ ਹੋਂਦ ਨੂੰ ਪੱਕੇ ਪੈਰੀ ਕਰਨ ਲਈ ਸਭਿਆਚਾਰਕ ਦਾਇਰਿਆਂ ਨੂੰ ਦ੍ਰਿੜ ਕਰਨ ਤੇ ਬਲ ਦਿੰਦੀ ਹੈ।[8] ਲੋਕ-ਕਾਵਿ ਨੂੰ ਸਮੂਹ ਦਾ ਅਜਿਹਾ ਮਾਨਵੀ ਵਰਤਾਰਾ ਮੰਨਿਆ ਜਾਂਦਾ ਹੈ ਜਿਸ ਵਿਚ ਉਸ ਸਮੇਂ ਦਾ ਸਭਿਆਚਾਰਕ ਅਨੁਭਵ, ਰਾਜਨੀਤਕ ਤੇ ਆਰਥਕ ਚੁਣੌਤੀਆਂ ਦਾ ਚਰਿਤਰ ਪੂਰੀ ਤਰ੍ਹਾਂ ਰੂਪਮਾਨ ਹੁੰਦਾ ਹੈ। 'ਲੋਕ-ਕਾਵਿ ਮੂਲ ਮਨੁੱਖੀ ਸੰਭਾਵਨਾਵਾਂ ਅਤੇ ਕਿਰਤ ਦੇ ਸਮੂਹਿਕ ਅਮਲ ਦੀ ਦੁਵੱਲੀ ਪ੍ਰਕਿਰਿਆ ਵਿਚੋਂ ਉਤਪੰਨ ਸੁਹਜ ਸਿਰਜਦਾ ਹੈ। ਮਨੁੱਖੀ ਕਿਰਤ ਦਾ ਇਹ ਅਮਲ ਆਪਣੇ ਆਰੰਭਕ ਇਤਿਹਾਸਿਕ ਦੌਰ ਵਿਚ ਸਮੂਹਿਕ ਸਹਿਜ, ਸਵੈ-ਇੱਛਤ ਅਤੇ ਸੰਪੂਰਨ ਲਗਾਉ ਦਾ ਰੂਪ ਹੋਣ ਕਾਰਨ ਲੋਕ-ਕਾਵਿ ਵੀ ਮੁੱਖ ਰੂਪ ਵਿਚ ਇਸ ਪ੍ਰਕਾਰ ਦੇ ਸਭਿਆਚਾਰਕ ਅਨੁਭਵ ਦਾ ਪ੍ਰਗਟਾਉ ਹੁੰਦਾ ਹੈ, ਭਾਵੇਂ ਇਸ ਵਿਚ ਸਮਾਜ ਦੇ ਇਤਿਹਾਸਕ ਵਿਕਾਸ ਅਨੁਸਾਰ ਜਮਾਤੀ ਬਣਤਰ ਅਨੁਰੂਪ ਇਸ ਅਨੁਭਵ ਦੇ ਪਾਸਾਰ, ਸੰਕਟ ਅਤੇ ਇੱਛਾਵਾਂ ਪ੍ਰਤੀ ਸਮੂਹਿਕ ਅਤੇ ਵਿਅਕਤੀਗਤ ਹੁੰਗਾਰੇ ਦੀ ਸੁਰ ਅਤੇ ਸਾਰ ਬਦਲਦਾ ਹੈ। ਇਹ ਪਰਿਵਰਤਨ ਲੋਕ-ਕਾਵਿ ਵਿਚ ਇਸਤਰੀ


**www.sanvad.org**
ISSN : 2395-1273

ਜਾਤੀ ਦੇ ਅਨੁਭਵ ਅਤੇ ਇਸਦੇ ਪ੍ਰਗਟਾਉ ਰੂਪਾਂ ਦੀ ਦ੍ਰਿਸ਼ਟੀ ਤੋਂ ਵਧੇਰੇ ਨਿਖੜਵਾਂ ਤੇ ਉਭਰਵਾਂ ਹੈ।[9] ਲੋਕ-ਗੀਤ ਦੀ ਟੈਕਸਟ ਵਿਚ ਹਰਿਆ ਦੇ ਜੰਮਣ ਤੋਂ ਲੈ ਕੇ ਸਭ ਗੀਤਾਂ ਰਸਮਾਂ ਦਾ ਸਬੰਧ ਔਰਤ ਦੀ ਵੇਦਨਾ ਨਾਲ ਵੀ ਜੁੜਦਾ ਹੈ। ਹਰਿਆ ਦੇ ਜੰਮਣ ਤੋਂ ਬਾਅਦ ਪੱਟ ਦੇ ਕੱਪੜੇ ਵਿਚ ਲਪੇਟਣ ਦੀ ਰਸਮ ਦਾ ਜ਼ਿਕਰ ਕੀਤਾ ਗਿਆ ਹੈ। ਰਸਮ ਜਾਂ ਰੀਤ ਸਧਾਰਨ ਤੌਰ ਤੇ ਅਜਿਹੀ ਪਰੰਪਰਾਗਤ ਵਿਧੀ ਹੈ ਜਿਸ ਰਾਹੀਂ ਵਿਸ਼ੇਸ਼ ਪ੍ਰਕਾਰ ਦਾ ਕਾਰਜ ਪ੍ਰਤੀਕ ਅਤੇ ਸੰਕੇਤ ਦੋਹਾਂ ਪੱਧਰਾਂ ਤੇ ਕੀਤਾ ਜਾਂਦਾ ਹੈ। ਇਸ ਕਾਰਜ ਵਿਚ ਪ੍ਰਯੋਜਨ ਅਤੇ ਵਿਧੀ ਵਿਚ ਸੀਮਿਤ ਪੱਧਰ ਤਕ ਤਰਕ ਵਿਦਮਾਨ ਹੁੰਦਾ ਹੈ। ਇਹ ਕਾਰਜ ਆਮ ਕਰਕੇ ਪਰਿਵਾਰਕ ਜਾਂ ਸਮਾਜਕ ਹੁੰਦਾ ਹੈ ਅਤੇ ਇਸਦਾ ਅਲੌਕਿਕ ਜਾਂ ਅਧਿਭੌਤਿਕ ਸੰਸਾਰ ਨਾਲ ਕੋਈ ਸਿੱਧਾ ਸਬੰਧ ਨਹੀਂ ਹੁੰਦਾ। 'ਸਾਡੇ ਬਹੁਤੇ ਕਾਵਿ-ਰੂਪਾਂ ਦਾ ਸਬੰਧ ਸੰਸਕਾਰ ਪ੍ਰਣਾਲੀ ਅਥਵਾ ਰੀਤਾਂ ਨਾਲ ਹੈ। ਪੰਜਾਬੀ ਦੇ ਲਗਭਗ ਸਾਰੇ ਕਾਵਿ-ਰੂਪ ਗੀਤ ਸੁਰ ਹਨ। ਕਾਵਿ-ਸੁਰ ਨਹੀਂ। ਪਹਿਲਾਂ ਇਹਨਾਂ ਵਿਚ ਕਿਸੇ ਗੀਤ ਦੀ ਧੁਨੀ ਗੂੰਜੀ ਅਤੇ ਮਗਰੋਂ ਕਾਵਿ ਦੀ। ਦੂਜੇ ਸ਼ਬਦਾਂ ਵਿਚ ਸਾਡੇ ਕਾਵਿ-ਰੂਪ ਰੀਤ ਤੋਂ ਕਾਵਿ ਵਲ ਦੀ ਯਾਤਰਾ ਹਨ। ਪਹਿਲੀਆਂ ਵਿਚ ਰਹੁ-ਰੀਤਾਂ ਕਿਸੇ ਕਾਮਨਾ ਦੀ ਸਿੱਧੀ ਲਈ ਕੀਤੀਆਂ ਜਾਂਦੀਆਂ ਸਨ; ਅਜਿਹੇ ਸਮੇਂ ਕਾਵਿ ਦੇ ਕੁਝ ਬੰਦਾਂ ਦਾ ਉਚਾਰਨ ਕੀਤਾ ਜਾਂਦਾ ਸੀ। ਜਿਸ ਦਾ ਭਾਵ ਰੀਤ ਨਾਲ ਇਕ ਸੁਰ ਹੋਣਾ ਹੁੰਦਾ ਸੀ। ਸੋ ਕਾਵਿ -ਰੂਪ ਰੀਤ ਮੁੱਖ ਹੋ ਕੇ ਰਚੇ ਗਏ। ਅੱਜ ਵੀ ਵਿਆਹ/ਸ਼ਾਦੀ ਦੀਆਂ ਅਨੇਕਾਂ ਰੀਤਾਂ ਸਮੇਂ ਸਵਾਣੀਆਂ ਉਸ ਰੀਤ ਨਾਲ ਸੰਬੰਧਤ ਗਾਉਣ ਅਲਾਪਦੀਆਂ ਹਨ। ਲਗਭਗ ਹਰ ਰੀਤ ਲਈ ਨਵੇਕਲੇ ਤੇ ਅਨੁਕੂਲ ਗੀਤ ਪ੍ਰਚਲਿਤ ਹਨ, ਜੋ ਰੀਤ ਦੀ ਭਾਵਨਾ ਨਾਲ ਇਕਸੁਰ ਹੁੰਦੇ ਹਨ।'[10] ਪੇਂਡੂ ਸਮਾਜ ਵਿਚ ਮੁੱਖ ਰੂਪ ਵਿਚ ਦੋ ਸ਼੍ਰੇਣੀਆਂ ਮਿਲਦੀਆਂ ਹਨ ਇਕ ਕਾਸ਼ਤਕਾਰ ਅਤੇ ਦੂਜੀ ਕਾਸ਼ਤਕਾਰ ਵਰਗ ਉੱਤੇ ਨਿਰਭਰ ਸ਼੍ਰੇਣੀ ਇਹਨਾਂ ਨੂੰ ਕਰਮਵਾਰ ਕਿਸਾਨ ਅਤੇ ਲਾਗੀ ਵੀ ਕਿਹਾ ਜਾਂਦਾ ਹੈ। ਦਾਈ ਦਾ ਸਬੰਧ ਨਿਰਭਰ ਸ਼੍ਰੇਣੀ ਨਾਲ ਹੈ। ਜਿੱਥੇ ਪਰਿਵਾਰਕ ਤੇ ਸਮਾਜਕ ਦਰਜਾਬੰਦੀ ਅਨੁਸਾਰ ਨਿਕਟ ਰਿਸ਼ਤੇਦਾਰੀ ਸੀ ਨੂੰ ਲੋਕ- ਕਾਵਿ ਦੇ ਪ੍ਰਮੁੱਖ ਪਰਿਵਾਰਕ ਦਾਇਰੇ ਵਜੋਂ ਗਿਣਿਆ ਜਾਂਦਾ ਹੈ, ਜਿਸ ਵਿਚ ਭੈਣਾਂ, ਮਾਮੀਆਂ, ਭਰਜਾਈਆਂ, ਮਾਸੀਆਂ ਦਾ ਜ਼ਿਕਰ ਆਉਂਦਾ ਹੈ, ਉੱਥੇ ਰਿਸ਼ਤੇ ਨਾਤੇਦਾਰੀ ਤੋਂ ਇਲਾਵਾ ਅਜਿਹੇ ਸਭਿਆਚਾਰਕ ਦਾਇਰਿਆਂ ਦਾ ਜ਼ਿਕਰ ਵੀ ਆਉਂਦਾ ਹੈ ਜਿਨਾਂ ਦਾ ਸਬੰਧ ਭਾਵੇਂ ਪਰਿਵਾਰ ਨਾਲ ਨਹੀਂ ਹੁੰਦਾ ਪਰ ਇਹ ਸਭਿਆਚਾਰਕ ਜੁੱਟ ਬਣਾਉਣ ਵਿਚ ਸਹਾਈ ਹੁੰਦੇ ਹਨ।

ਸਾਡਾ ਸਭਿਆਚਾਰਕ ਢਾਂਚਾ ਮਨੁੱਖ ਦੀ ਮਨੁੱਖ ਨਾਲ ਮਿਲ ਕੇ ਰਹਿਣ ਦੀ ਭਾਵਨਾ ਉੱਪਰ ਖੜਾ ਹੈ ਤੇ ਇਸ ਭਾਵਨਾ ਮਗਰ ਜੋ ਵਿਸ਼ਵਾਸ ਕੰਮ ਕਰਦਾ ਹੈ ਉਹ ਕੁਦਰਤ ਦੀ ਕਰੋਪੀ ਤੋਂ ਬਚਣ ਦਾ ਵਿਸ਼ਵਾਸ ਹੈ। ਅਧਿਐਨ ਅਧੀਨ ਲੋਕ-ਗੀਤ ਵਿਚ ਹਰਿਆ ਨੂੰ ਜੰਮਣ ਤੋਂ ਬਾਅਦ ਪੱਟ ਵਿਚ ਲਪੇਟ ਕੇ ਦਾਈਆਂ ਦੇ ਕੁੱਛੜ ਦੇਣ ਦੀ ਰਸਮ ਵੀ ਇਹਨਾਂ ਵਿਸ਼ਵਾਸਾਂ ਦੀ ਦੇਣ ਹੈ। ਦਾਈ ਹੁਣ ਉਸ ਸਭਿਆਚਾਰਕ ਦਾਇਰੇ ਦਾ ਹਿੱਸਾ ਹੈ ਜੋ ਸਮਾਜਕ ਸਬੰਧਾਂ ਵਿਚੋਂ ਨਿਕਲਿਆ ਹੈ। ਪੁਰਾਣੇ ਸਮੇਂ ਵਿਚ ਦਾਈ ਬੱਚਾ ਜਮਾਉਣ ਦਾ ਕਿੱਤਾ ਕਰਨ ਵਾਲੀ ਔਰਤ ਹੁੰਦੀ ਸੀ ਜੋ ਬੱਚੇ ਦੇ ਜੰਮਣ ਤੋਂ ਬਾਅਦ ਉਸਦਾ ਨਾੜੂਆ ਵੀ ਕੱਟਦੀ ਸੀ ਤੇ ਉਸਨੂੰ ਨਵਾਉਦੀ ਵੀ ਸੀ। ਇਸ ਕਰਕੇ ਸਭ ਤੋਂ ਪਹਿਲਾਂ ਦਾਈ ਦੀ ਕੁੱਛੜ ਵਿਚ ਹੀ ਬੱਚਾ ਪਾਇਆ ਜਾਂਦਾ ਸੀ। ਦਾਈਆਂ ਨੂੰ ਇਸ ਰਸਮ ਤੋਂ ਬਾਅਦ ਕਈ ਕਿਸਮ ਦੇ ਲਾਗ ਦਿੱਤੇ ਜਾਂਦੇ ਸਨ। ਜਿਸ ਵਿਚ ਹਾੜ੍ਹੀ ਸਾਉਣੀ ਦੀਆਂ ਫਸਲਾਂ ਅਤੇ ਖਾਣ- ਪੀਣ ਦੀਆਂ ਹੋਰ ਵਸਤਾਂ ਸ਼ਾਮਿਲ ਹੁੰਦੀਆਂ ਸਨ। ਅਧਿਐਨ ਅਧੀਨ  ਲੋਕ-ਗੀਤ ਵਿਚ ਵੀ ਦਾਈ ਨੂੰ ਪੰਜ ਰੁਪਏ ਸ਼ਗਨ ਵਜੋਂ ਦੇਣ ਦੀ ਰੀਤ ਦਾ ਜ਼ਿਕਰ ਆਉਂਦਾ ਹੈ। ਇਸ ਦੇ ਨਾਲ ਹੀ ਚਾਚੇ ਤਾਏ ਦੀਆਂ ਜਾਈਆਂ ਤੇ ਸਕੀਆਂ ਭਰਜਾਈਆਂ ਦਾ ਜ਼ਿਕਰ ਵੀ ਆਇਆ ਹੈ। ਤਾਏ ਚਾਚੇ ਦੀਆਂ ਜਾਈਆਂ ਤੇ ਸਕੀਆਂ ਭਰਜਾਈਆਂ ਦਾ ਸਬੰਧ ਪਰਿਵਾਰਕ ਜੁੱਟ ਨਾਲ ਹੈ, ਜਿਸ ਕਾਰਨ ਉਹਨਾਂ ਨੂੰ ਸ਼ਗਨ ਵਜੋਂ ਦਿੱਤੀ ਜਾਂਦੀ ਭੇਟਾ ਵੀ ਬੇਸ਼-ਕੀਮਤੀ ਹੈ। ਸ਼ਗਨ ਵਜੋਂ ਦਿੱਤੀ ਜਾਣ ਵਾਲੀ ਰਕਮ/ਰਾਸ਼ੀ ਦਾ ਪ੍ਰਸੰਗ ਪੰਜਾਬੀ ਸਭਿਆਚਾਰ ਵਿਚ ਜਾਗੀਰਦਾਰੀ ਪਰਿਵਾਰ ਦੀ ਪਛਾਣ ਦਾ ਬਿੰਬ ਹੈ।

ਅਧਿਐਨ ਅਧੀਨ ਲੋਕ-ਗੀਤ ਵਿਚ ਰਸਮ ਦੇ ਨਿਭਾ ਦੇ ਨਾਲ ਨਾਲ ਪਰੰਪਰਾਗਤ ਸਾਂਝੇ ਪਰਿਵਾਰ ਦੀ ਝਲਕ ਨਜ਼ਰ ਆਉਂਦੀ ਹੈ। ਸੰਯੁਕਤ ਪਰਿਵਾਰ ਪ੍ਰਣਾਲੀ ਵਿਚ ਇਕ ਛੱਤ ਹੇਠ ਸਾਰਾ ਟੱਬਰ ਇਕੱਠਾ ਰਹਿੰਦਾ ਸੀ। ਜਿਸ ਨਾਲ ਭਾਈਚਾਰਕ ਸਾਂਝ ਇਹਨਾਂ ਲੋਕ ਗੀਤਾਂ ਵਿਚ ਆਮ ਵੇਖੀ ਜਾ ਸਕਦੀ ਹੈ।

ਸੰਯੁਕਤ ਪਰਿਵਾਰ ਪ੍ਰਣਾਲੀ ਦੱਖਣੀ ਏਸ਼ੀਆ, ਵਿਸ਼ੇਸ਼ ਤੌਰ 'ਤੇ ਭਾਰਤ ਵਿਚ ਪ੍ਰਚਲਿਤ ਪਰਿਵਾਰਕ ਪ੍ਰਣਾਲੀ ਹੈ, ਜਿਸ ਵਿਚ ਇਕ ਘਰ ਵਿਚ ਬਹੁਤ ਸਾਰੇ ਪੀੜ੍ਹੀਆਂ ਦੇ ਲੋਕ ਇਕੱਠੇ ਵੱਸਦੇ ਹਨ। ਇਹ ਪ੍ਰਣਾਲੀ ਪੁਰਾਤਨ ਸਮੇਂ ਤੋਂ ਹੀ ਮਨੁੱਖੀ ਜੀਵਨ ਦੀਆਂ ਆਵਸ਼ਕਤਾਵਾਂ, ਆਰਥਕ ਅਤੇ ਸਮਾਜਕ ਵਿਵਸਥਾਵਾਂ ਨੂੰ ਪੂਰਾ ਕਰਨ ਵਿਚ ਸਹਾਇਕ ਰਹੀ ਹੈ।

ਸੰਯੁਕਤ ਪਰਿਵਾਰ ਐਸਾ ਪਰਿਵਾਰ ਹੁੰਦਾ ਹੈ ਜਿਸ ਵਿਚ ਆਮਦਨ, ਸੰਪਤੀ ਅਤੇ ਘਰੇਲੂ ਕਾਰਜਾਂ ’ਤੇ ਸਭ ਦੀ ਸਾਂਝ ਹੁੰਦੀ ਹੈ। ਸੰਯੁਕਤ ਪਰਿਵਾਰ ਪਰੰਪਰਾਵਾਂ ਤੇ ਸੰਸਕਾਰਾਂ ਦੀ ਪਾਲਣਾ ਕਰਦੇ ਹਨ। ਰਿਸ਼ਤਾ ਨਾਤਾ ਪ੍ਰਣਾਲੀ ਦੇ ਤਹਿਤ ਅਸੀਂ ਵੇਖਦੇ ਹਾਂ ਕਿ ਇਸ ਲੋਕ-ਗੀਤ ਵਿਚ ਸਕੀਆਂ ਭਰਜਾਈਆਂ ਦਾ ਜ਼ਿਕਰ ਆਇਆ ਹੈ। ਇਕ ਪਾਸੇ ਸਕੀ ਭਰਜਾਈ ਹੈ ਤੇ ਦੂਸਰੇ ਪਾਸੇ ਨਵਜਾਤ ਦੇ ਰੂਪ ਵਿਚ ਦਿਉਰ ਦਾ ਜਨਮ ਹੋ ਰਿਹਾ ਹੈ। ਇਹ ਉਨ੍ਹਾਂ ਸਮਿਆਂ ਦੀ ਗੱਲ ਹੈ ਜਦੋਂ ਬੱਚਿਆਂ ਦੀ ਗਿਣਤੀ ਵੀ ਜ਼ਿਆਦਾ ਹੋਇਆ ਕਰਦੀ ਸੀ। ਇਕ ਪਾਸੇ ਪਲੇਠਾ ਪੁੱਤ ਵਿਆਹ ਲਿਆ ਜਾਂਦਾ ਸੀ ਤੇ ਦੂਜੇ ਪਾਸੇ ਮਾਂ ਪਲੇਠੇ ਪੁੱਤ ਦੇ ਬੱਚਿਆਂ ਦੇ ਨਾਲ ਹੀ ਆਪ ਵੀ ਆਪਣੇ ਗਰਭ ਵਿਚੋਂ ਬੱਚਾ ਪੈਦਾ ਕਰਦੀ ਸੀ। ਇਹ ਲੋਕ-ਗੀਤ ਉਸ ਵੇਲੇ ਦੇ ਸਮਾਜ ਦੀ ਪਰਿਵਾਰਕ ਪ੍ਰਣਾਲੀ ਵੱਲ ਇਸ਼ਾਰਾ ਕਰਦੇ ਹਨ।

ਵਸਤੂ ਵਿਧਾਨ ਤੋਂ ਛੁੱਟ ਜਦੋਂ ਅਸੀਂ ਕਾਵਿ ਸ਼ਾਸਤਰੀ ਵਿਧਾਨ ਤੇ ਨਜ਼ਰ ਮਾਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਇਹਨਾਂ ਲੋਕ-ਗੀਤਾਂ ਦਾ ਸਬੰਧ ਇਕੋ ਸਮੇਂ ਲੋਕਧਾਰਾ ਦੇ ਨਾਲ ਵੀ ਹੈ ਤੇ ਨਾਲ ਦੀ ਨਾਲ ਉਸਦੇ ਸ਼ਾਸਤਰੀ ਵਿਧਾਨ ਦੇ ਨਾਲ ਵੀ। ਲੋਕਧਾਰਾਈ ਅਧਿਐਨ ਕਰਦਿਆਂ ਅਸੀਂ ਬਹੁਤੀ ਵਾਰ ਉਲਾਰ ਬਿਰਤੀ ਦੇ ਧਾਰਨੀ ਹੋ ਜਾਂਦੇ ਹਾਂ ਜਿਸ ਵਿਚ ਸਾਡੀ ਵੇਦਨਾ ਉਦਰੇਵੇਂ ਦਾ ਸ਼ਿਕਾਰ ਹੋ ਜਾਂਦੀ ਹੈ ਜਦਕਿ ਕਾਵਿ ਦੇ ਸ਼ਾਸਤਰੀ ਅਧਿਐਨ ਵੇਲੇ ਸੁਹਜ ਤੇ ਨੇਮ ਵਿਧਾਨ ਨੂੰ ਖਾਰਜ ਕਰਕੇ ਤੁਰਿਆ ਨਹੀਂ ਜਾ ਸਕਦਾ। ਜਿੱਥੇ ਲੋਕ-ਕਾਵਿ ਨੂੰ ਆਪ ਮੁਹਾਰਾ ਵੇਗ ਕਹਿ ਕੇ ਪਰਿਭਾਸ਼ਿਤ ਕੀਤਾ ਜਾਂਦਾ ਹੈ, ਉੱਥੇ ਨਾਲ ਹੀ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਹ ਰੂਪ ਵੀ ਕਿਸੇ ਬੱਝਵੇਂ ਸ਼ਾਸਤਰ ਦੇ ਧਾਰਨੀ ਹੁੰਦੇ ਹਨ। ਰੂਪਗਤ ਵੰਡ ਕਰਦੇ ਸਮੇਂ ਸਭ ਤੋਂ ਪਹਿਲਾਂ ਸਵਾਲ ਇਹ ਹੈ ਕਿ ਰਚਨਾ ਨੂੰ ਕਿਸ ਦਾਇਰੇ ਵਿਚ ਰੱਖ ਕੇ ਵਿਚਾਰਿਆ ਜਾਵੇ? ਜਦੋਂ ਅਸੀਂ ਹੱਥਲੇ ਅਧਿਐਨ ਅਧੀਨ ਵਿਚਾਰੀ ਜਾਂਦੀ ਟੈਕਸਟ ਦੇ ਪੱਖ ਤੋਂ ਗੱਲ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਜਿਹੜਾ ਇਸ ਦੀ ਸਿਰਜਣਾ ਨਾਲ ਜੁੜਿਆ ਹੋਇਆ ਪੱਖ ਹੈ ਉਹ ਇਹ ਹੈ ਕਿ ਇਹ ਸਿਰਜਣਾ ਤਟ ਫਟ ਸਿਰਜਣਾ ਦੇ ਅਮਲ ਵਿਚੋਂ ਬਾਹਰ ਆਈ ਹੈ। ਅਜਿਹੀ ਟੈਕਸਟ ਨੂੰ ਪ੍ਰਵਾਨਗੀ ਬੇਸ਼ੱਕ ਸਮੂਹ ਦਿੰਦਾ ਹੈ ਤੇ ਇਸਦੀ ਸਿਰਜਣਾ ਨੂੰ ਵੀ ਸਮੂਹ ਨਾਲ ਜੋੜ ਕੇ ‘ਲੋਕ’ ਪਦ ਦੇ ਅਧੀਨ ਵਿਚਾਰਿਆ ਜਾਂਦਾ ਹੈ ਪਰ ਇਥੇ ਇਹ ਗੱਲ ਸਪਸ਼ਟ ਕਰ ਦੇਣੀ ਬਹੁਤ ਜ਼ਰੂਰੀ ਹੈ ਕਿ ਅਸਲ ਵਿਚ ਇਸ ਸਿਰਜਣਾ ਪਿੱਛੇ ਵਿਅਕਤੀਗਤ ਯੋਗਤਾ ਹੀ ਕੰਮ ਕਰਦੀ ਹੈ। ਉਸ ਵਿਅਕਤੀਗਤ ਯੋਗਤਾ ਦੀ ਪੇਸ਼ਕਾਰੀ ਵਿਚ ਸਮੂਹ ਦੀ ਯੋਗਤਾ ਨੂੰ ਨਿਹਾਰਿਆ ਜਾ ਸਕਦਾ ਹੈ। ਜਿਸ ਕਰਕੇ ਸੰਬੰਧਤ ਰਚਨਾ ਸਮੂਹ ਦੀ ਰਚਨਾ ਹੋ ਨਿਬੜਦੀ ਹੈ। ਲੋਕ-ਕਾਵਿ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਦੇ ਨਿਭਾਅ ਸਮੇਂ ਔਰਤ ਸਿਰਜਕ ਅਤੇ ਸਰੋਤੇ ਦੋਹਾਂ ਦੀ ਭੂਮਿਕਾ ਨਿਭਾਉਂਦੀ ਹੈ। ਜਦੋਂ ਦੋ ਧਿਰਾਂ ਸੰਬੋਧਨੀ ਜੁਗਤ ਵਿਚ ਲੋਕ-ਕਾਵਿ ਦਾ ਉਚਾਰਨ ਕਰਦੀਆਂ ਹਨ ਤਾਂ ਆਹਮੋ ਸਾਹਮਣੇ ਹੋਣ ਕਰਕੇ ਤਟ ਫਟ ਹੁੰਗਾਰਾ ਇਕ ਨਿਸ਼ਚਿਤ ਲੈਅ ਨੂੰ ਸਥਾਪਿਤ ਕਰਦਾ ਹੈ। ਭਾਵੇਂ ਬਹੁਤੀ ਵਾਰ ਇਹਨਾਂ ਲੋਕਾਂ ਰੂਪਾਂ ਦੇ ਨਿਭਾਅ ਵਿਚ ਤਬਦੀਲੀ ਦੀ ਗੁੰਜਾਇਸ਼ ਨਹੀਂ ਰਹਿੰਦੀ ਪਰ ਫਿਰ ਵੀ ਜਦੋਂ ਇਹ ਟੈਕਸਟ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦੀ ਹੈ ਤਾਂ ਬਦਲਾਅ ਦੀ ਸੰਭਾਵਨਾ ਕਿਤੇ ਨਾ ਕਿਤੇ ਨਿਰੰਤਰ ਬਣੀ ਰਹਿੰਦੀ ਹੈ। ਇਸ ਦੇ ਨਾਲ ਤਾਲ ਨੂੰ ਵੀ ਲੋਕ-ਕਾਵਿ ਦੀ ਰੂਪ ਬਣਤਰ ਵੇਲੇ ਨਕਾਰਿਆ ਨਹੀਂ ਜਾ ਸਕਦਾ। ‘ਤਾਲ ਜੀਵਨ ਪ੍ਰਵਾਹ ਦਾ ਇਕ ਬਲਵਾਨ ਤੱਤ ਹੈ; ਇਕ ਇਕਸੁਰਤਾ, ਇਕ ਸਮਤੋਲ, ਇਕ ਜੀਵਨ ਧੜਕਣ, ਇਕ ਗਤੀਸ਼ੀਲਤਾ ਅਤੇ ਅਨੇਕਾਂ ਸੁਰਾਂ ਦਾ ਮਿਲ ਕੇ ਇਕਰਸ ਹੋਣਾ ਜਾਂ ਅਨੇਕਾਂ ਤੱਤਾਂ ਦਾ ਮਿਲ ਕੇ ਇਕ ਚਾਲ ਪ੍ਰਾਪਤ ਕਰਨਾ। ਆਦਿਮ ਮਾਨਵ ਤਾਲ ਵਿਚ ਅਜਿਹੀ ਸ਼ਕਤੀ ਮੰਨਦਾ ਸੀ ਜੋ ਬ੍ਰਹਿਮੰਡ ਨੂੰ ਗਤੀ ਦੇਂਦੀ ਹੈ, ਜੋ ਮਨੁੱਖੀ ਇੱਛਾਵਾਂ ਦੀ ਪੂਰਤੀ ਦੀ ਪੂਰਕ ਹੈ। ਉਸਨੇ ਪ੍ਰਕਿਰਤੀ ਵਿਚ ਤਾਲ ਦੀ ਸਹਿਜ ਹੋਂਦ ਤੇ ਗਤੀ, ਇਕ ਭਾਵਨਾ ਵਾਂਗ ਸਮਾਈ ਹੋਈ ਅਨੁਭਵ ਕਰ ਲਈ ਸੀ; ਇਸ ਨੂੰ ਪ੍ਰਕਿਰਤੀ ਦੀ ਧੜਕਣ ਤੇ ਜ਼ਿੰਦਗੀ ਸਮਝਦਾ ਸੀ।’[11] ਹਰੇਕ ਲੋਕ-ਕਾਵਿ ਰੂਪ ਦੀ ਆਪਣੀ ਨਵੇਕਲੀ ਤਾਲ ਅਤੇ ਸੁਰ ਹੁੰਦੀ ਹੈ। ਜਿੱਥੇ ਤਾਲ ਦਾ ਸਬੰਧ ਪੇਸ਼ਕਾਰੀ ਦੇ ਪ੍ਰਸੰਗ ਨਾਲ ਹੈ ਉੱਥੇ ਸੁਰ ਦਾ ਸਬੰਧ ਵੇਦਨਾ ਤੇ ਭਾਵਨਾ ਨਾਲ ਜਾ ਜੁੜਦਾ ਹੈ। ਜਿਵੇਂ ਸੋਗ, ਚੋਭ, ਮਸ਼ਕਰੀ ਆਦਿ। ਹੱਥਲੀ ਟੈਕਸਟ ਵਿਚ ਖੁਸ਼ਹਾਲੀ ਅਤੇ ਵਿਗਸਣ/ਵਧਣ ਦੀ ਸੁਰ ਦਿਖਾਈ ਦਿੰਦੀ ਹੈ। **‘ਹਰਿਆ’** ਲੋਕ ਗੀਤ ਵਿਚ ਜਦੋਂ ਬਾਹਰੀ ਤੁਕਾਂਤ ਦੀ ਗੱਲ ਕੀਤੀ ਜਾਵੇ ਤਾਂ ਇਹ ਤੁਕਾਂਤ ਲੋਕ-ਅਨੁਭਵ ਵਿਚੋਂ ਉਪਜਿਆ ਹੋਣ ਕਾਰਨ ਇਸ ਵਿਚ ਲੋਕ-ਧੁਨ ਸੁਣਾਈ ਦਿੰਦੀ ਹੈ। ਇਸ ਤੋਂ ਇਲਾਵਾ ਪ੍ਰਭਾਵ ਦੀ ਤੀਖਣਤਾ ਵਧਾਉਣ ਦੇ ਲਈ ਦੁਹਰਾਉ ਮੂਲਕ ਅੰਸ਼ਾਂ ਨੂੰ ਵੀ ਨਿਹਾਰਿਆ ਜਾ ਸਕਦਾ ਹੈ।

**‘ਹਰਿਆ ਨੀ ਮਾਏ’** ਟੈਕਸਟ ਨੂੰ ਪ੍ਰਗੀਤਕ ਲੋਕ-ਕਾਵਿ ਦੀ ਵੰਨਗੀ ਦੇ ਅੰਤਰਗਤ ਵਿਚਾਰਿਆ ਜਾਂਦਾ ਹੈ ਕਿਉਂਕਿ ਇਸ ਦਾ ਵਸਤੂ ਵਿਧਾਨ ਦੇ ਪੱਖ ਤੋਂ ਇਕਾਗਰਤਾ ਵਾਲਾ ਪ੍ਰਭਾਵ ਤੇ ਪਰੰਪਰਾ ਮੁੱਖ ਹੋਣਾ ਹੀ ਇਸ ਨੂੰ


**www.sanvad.org**
ISSN : 2395-1273

ਕਾਵਿ ਨਾਲ ਜਾ ਜੋੜਦਾ ਹੈ। **'ਹਰਿਆ ਨੀ ਮਾਏ'** ਤੋਂ ਲੈ ਕੇ **'ਭਾਗੀ ਭਰਿਆ'** ਤਕ ਦੀਆਂ ਪੰਕਤੀਆਂ ਇਸ ਲੋਕ-ਗੀਤ ਦੀਆਂ ਸਥਾਈ ਪੰਕਤੀਆਂ ਮੰਨੀਆਂ ਜਾ ਸਕਦੀਆਂ ਹਨ। ਜਿਨ੍ਹਾਂ ਦਾ ਉਚਾਰਨ ਹਰ ਅੰਤਰੇ ਤੋਂ ਬਾਅਦ ਕੀਤਾ ਗਿਆ ਹੈ। ਬਾਕੀ ਦੀਆਂ ਪੰਕਤੀਆਂ ਵਿਚ ਤਿੰਨ ਅੰਤਰੇ ਆਏ ਹਨ। ਇਹਨਾਂ ਅੰਤਰਿਆਂ ਨੂੰ ਸਾਰੀਆਂ ਔਰਤਾਂ ਮਿਲ ਕੇ ਗਾਉਂਦੀਆਂ ਹਨ। ਇਸ ਤੋਂ ਇਲਾਵਾ 'ਰ' ਤੇ 'ੜ' ਧੁਨੀ ਦੀ ਵਰਤੋਂ ਨਾਲ ਇਸ ਲੋਕ-ਗੀਤ ਵਿਚ ਸੰਗੀਤਿਕਤਾ ਦੇ ਤੱਤ ਨੂੰ ਨਿਹਾਰਿਆ ਜਾ ਸਕਦਾ ਹੈ। ਧੁਨੀਆਂ ਦੀ ਪਰਸਪਰ ਸਾਂਝ ਵੀ ਇਸ ਲੋਕ-ਗੀਤ ਵਿਚ ਵੇਖੀ ਜਾ ਸਕਦੀ ਹੈ। 'ਦਾਈਆਂ', 'ਮਾਈਆਂ' ਤੇ 'ਭਰਜਾਈਆਂ' ਸ਼ਬਦਾਂ ਵਿਚ ਤੁਕਾਂਤਕ ਵਿਉਂਤ ਦੀ ਨਿਰੰਤਰਤਾ ਨੂੰ ਵੀ ਵੇਖਿਆ ਜਾ ਸਕਦਾ ਹੈ ਜੇਕਰ ਹਰਿਆ ਲੋਕ-ਗੀਤ ਦੀ ਪ੍ਰਸੰਗਿਕ ਪੇਸ਼ਕਾਰੀ ਦੇ ਨਿਭਾ ਦੀ ਗੱਲ ਕੀਤੀ ਜਾਵੇ ਤਾਂ ਇਸ ਦਾ ਸਭਿਆਚਾਰਕ ਪ੍ਰਸੰਗ ਨਿਸ਼ਚਿਤ ਹੁੰਦਾ ਹੈ, ਮੁੰਡੇ ਦੇ ਜਨਮ ਸਮੇਂ ਇਸ ਲੋਕ-ਗੀਤ ਦਾ ਨਿਭਾ ਕੀਤਾ ਜਾਂਦਾ ਹੈ। ਰਸੀਲੀ ਹੇਕ ਵਿਚ ਗਾਇਆ ਜਾਣ ਵਾਲਾ ਇਹ ਲੋਕ-ਗੀਤ ਸਮੂਹਿਕ ਭਾਵਾਂ ਦੇ ਪ੍ਰਗਟਾ ਦਾ ਮਾਧਿਅਮ ਬਣਦਾ ਹੈ। ਅਸੀਂ ਵੇਖਦੇ ਹਾਂ ਕਿ ਇਸ ਲੋਕ-ਗੀਤ ਵਿਚ ਸਮਾਜਕ ਯਥਾਰਥ ਦੇ ਨਾਲ-ਨਾਲ ਸਭਿਆਚਾਰਕ ਪ੍ਰਸੰਗ ਅਚੇਤ ਜਾਂ ਸੁਚੇਤ ਰੂਪ ਵਿਚ ਕਾਰਜ ਕਰਦੇ ਹਨ। ਲੋਕ-ਗੀਤ ਵਿਚ ਦੁਹਰਾਉ ਮੂਲਕਤਾ ਦਾ ਅੰਸ਼ ਹੇਕ ਦੀ ਨਿਰੰਤਰਤਾ ਨਾਲ ਚਾਲ ਫੜਦਾ ਹੈ।

ਸੋ 'ਹਰਿਆ ਨੀ ਮਾਏ' ਸਿਰਲੇਖ ਅਧੀਨ ਵਿਚਾਰੇ ਗਏ ਲੋਕ-ਗੀਤ ਦਾ ਵਿਹਾਰਕ ਅਧਿਐਨ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ ਕਿ ਮੌਖਿਕ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਨਿਰੰਤਰਤਾ ਦੇ ਅਮਲ ਵਿਚੋਂ ਗੁਜ਼ਰਦਿਆਂ ਇਹ ਲੋਕ-ਗੀਤ ਪਰੰਪਰਾ ਮੁੱਖ ਹੋ ਕੇ ਵੀ ਪ੍ਰਕਾਰਜ ਮੁੱਖ ਹੀ ਰਹਿੰਦਾ ਹੈ। ਸਮਾਜ ਸਭਿਆਚਾਰ ਵਿਚ ਪੁੱਤਰ ਦੀ ਹੋਂਦ ਦੀ ਸਮਾਜਕ, ਆਰਥਕ ਤੇ ਸਭਿਆਚਾਰਕ ਪ੍ਰਸੰਗਿਕਤਾ ਨਾਲ ਜੁੜੀਆਂ ਵਡਿਆਈਆਂ ਇਸ ਲੋਕ-ਗੀਤ ਦਾ ਕੇਂਦਰੀ ਪ੍ਰਵਚਨ ਹਨ। ਸਮੂਹਿਕ ਅਨੁਭਵ (ਔਰਤ ਵਰਗ) ਦੀਆਂ ਅਕਾਂਖਿਆਵਾਂ ਅਤੇ ਅਨਭੂਤੀਆਂ ਦੀ ਤਰਜ਼ਮਾਨੀ ਕਰਦਾ ਇਹ ਲੋਕ-ਗੀਤ ਪੰਜਾਬੀ ਸਭਿਆਚਾਰ ਦੀ ਆਰਸੀ ਹੈ। ਤੁਕਾਂਤ ਦਾ ਸਹਿਜ ਭਾਵੀ ਅਨੁਭਵ, ਸੁਰ ਅਤੇ ਤਾਲ ਦੀ ਪ੍ਰਗੀਤਾਤਮਕਤਾ, ਸਭਿਆਚਾਰਕ ਪ੍ਰਸੰਗ, ਵਸਤੂ ਵਿਧਾਨ ਤੇ ਬੋਲਾਂ ਦੀ ਸਾਰਥਕਤਾ ਇਸ ਲੋਕ-ਗੀਤ ਨੂੰ ਸੰਸਕਾਰਕ ਲੋਕ-ਗੀਤਾਂ ਦਾ ਹਿੱਸਾ ਬਣਾਉਂਦੀ ਹੈ। ਅਸਲ ਵਿਚ ਲੋਕ-ਕਾਵਿ ਨੇ ਮਨੁੱਖੀ ਮੂਲ ਦੇ ਅਸਤਿਤਵ ਦੀ ਨਿਸ਼ਾਨਦੇਹੀ ਕਰਦਿਆਂ ਮਾਨਸਿਕ ਪ੍ਰਵਿਰਤੀਆਂ ਅਤੇ ਪ੍ਰਤੀਕਰਮਾਂ ਨੂੰ ਪੂਰਨਤਾ ਸਹਿਤ ਪੇਸ਼ ਕੀਤਾ ਹੈ।

## ਹਵਾਲੇ


1. ਡਾ. ਸਤਿੰਦਰ ਸਿੰਘ, **ਵਿਹਾਰਕ ਸਮੀਖਿਆ**, ਪੰਨੇ. 114-115.
2. ਡਾ. ਜਸਵਿੰਦਰ ਸਿੰਘ, **ਲੋਕ-ਸਾਹਿਤ ਸ਼ਾਸਤਰ**, ਪੰਨਾ. 3.
3. ਡਾ.ਨਾਹਰ ਸਿੰਘ, **ਲੋਕ-ਕਾਵਿ ਦੀ ਸਿਰਜਣ ਪ੍ਰਕਿਰਿਆ**, ਪੰਨੇ. 77-78.
4. **ਲੋਕ ਰੰਗ**, ਸੰਪਾ. ਡਾ. ਗੁਰਮੀਤ ਸਿੰਘ, ਡਾ. ਸਤਿੰਦਰ ਔਲਖ, ਪੰਨਾ.
5. **ਲੋਕ-ਪਰੰਪਰਾ ਅਤੇ ਸਾਹਿਤ**, ਸੰਪਾ. ਵਣਜਾਰਾ ਬੇਦੀ, ਜਤਿੰਦਰ ਬੇਦੀ, ਪੰਨਾ. 64.
6. ਵਿਕੀਪੀਡੀਆ
7. ਡਾ.ਨਾਹਰ ਸਿੰਘ, **ਬਾਗੀਂ ਚੰਬਾ ਖਿੜ ਰਿਹਾ**, ਪੰਨਾ. 6.
8. **ਲੋਕ-ਕਾਵਿ ਤੋਂ ਪ੍ਰਵਾਸੀ- ਕਾਵਿ ਤਕ**, ਡਾ. ਹਰਚੰਦ ਸਿੰਘ ਬੇਦੀ, ਪੰਨਾ.17.
9. ਡਾ. ਜਸਵਿੰਦਰ ਸਿੰਘ, **ਪੰਜਾਬੀ ਲੋਕ-ਸਾਹਿਤ ਸ਼ਾਸਤਰ**, ਪੰਨਾ.45
10. **ਲੋਕਯਾਨ ਅਧਿਐਨ**, ਸੰਪਾ.ਡਾ. ਕਰਨੈਲ ਸਿੰਘ ਥਿੰਦ, ਪੰਨੇ.26.
11. **ਉਹੀ**, ਪੰਨੇ. 24-25.


✧